Section-A.

2ੳ

## ਪ੍ਰੈੱਸ ਸੋਟ ਤੇ ਜੁਗਤਾਂ

① ਸੰਪਾਦਕਤਾ / ਮੁਖਲੇਖ => ਪੱਤਰ ਵਿੱਚ ਆਧਾਰ-ਸੰਮਸਾਮੀ ਵਿਦੱਤਰ ਕਰਨ ਦੀ ਅਗਲੀ ਪ੍ਰਭਾਵਸ਼ਾਲੀ ਜੁਗਤ ਵਿਧੀ ਜਾਂ ਸੋਟ ਸੰਪਾਦਕਤਾ ਆਖਦਾ ਇਟਰਵਿਊ ਹੈ। ਇਸ ਬਾਰੇ ਵਿਸਤਾਰ ਨਾਲ ਚਰਚਾ ਤਾਂ ਅਸੀਂ 'ਸਮਾਚਾਰ ਪ੍ਰੈੱਸ' ਬਾਰੇ ਅਧਿਆਇ (ਨੰਬਰ 13) ਵਿੱਚ ਕਰਾਂਗੇ, ਹਾਲ ਦੀ ਘੜੀ ਇਹ ਸਮਝ ਲੈਣਾ ਕਾਫੀ ਹੈ ਕਿ ਇਸ ਜੁਗਤ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਪੱਤਰ ਵਿੱਚ ਜਾ ਕੇ ਲੋਕਾਂ ਨਾਲ ਗੱਲ ਕਰਕੇ ਉਨ੍ਹਾਂ ਦੇ ਵਿਚਾਰ ਦਾ ਪ੍ਰਗਟਾਵਾ ਕਰ ਸਕਣਾ ਸੰਭਵ ਨਾ ਹੋਵੇ। ਹੋਰਨਾਂ ਸ਼ਬਦ ਪਛਾਣ ਤੇ ਅੰਦਰੂਨੀ ਤੌਰ ਤੇ ਗੱਲ ਜਾਣਨ ਦਾ ਇਹੋ ਇੱਕੋ ਇੱਕ ਢੰਗ ਹੈ। ਇਕ ਫ਼ੀਚਰ ਹੋਣ ਤੇ ਉਹ ਫ਼ੈਸਲ ਸਾਰ ਦਿੰਦੀ ਹੈ ਜੋ ਭਿਆਨਕ-ਜਗਤ ਪ੍ਰਤੱਖਣ ਮਾਗਦਾ ਹੈ ਪਰੰਤੂ ਫ਼ੀਚਰ ਹੋਏ ਬਦਲਿਆਂ ਅੰਦਰ। ਇਸ ਵਿੱਚ ਪਹਿਲਾ ਪ੍ਰੈੱਸ-ਸਮੱਸਿਆਂ ਬਾਰੇ ਜਾਣਕਾਰੀ ਦੇ ਸਕਣ ਬਾਰੇ ਵਿਸਤਰਤੀ ਆਖਦਾ ਸੂਚਕ ਦੀ ਭਾਲ ਕੀਤੀ ਜਾਂਦੀ ਹੈ ਅਤੇ ਫਿਰ ਗੱਲਾਂ ਬਾਤਾਂ ਰਾਹੀਂ ਉਸ ਪਾਸੋਂ ਲੋੜੀਂਦੀ ਸੱਮਗਰੀ ਇਕੱਤਰ ਕੀਤੀ ਜਾਂਦੀ ਹੈ। ਸੰਪਾਦਕਤਾ ਭਿਆਨਕ ਜਗਤ ਪ੍ਰਤੱਖਣ ਦੀ ਥਾਂ ਆਸਾਨੀ ਨਾਲ ਲੈ ਲੈਂਦੀ ਹੈ, ਸਗੋਂ ਇਕ ਪੱਖ ਤੋਂ ਇਹ ਪ੍ਰਤੱਖਣ ਨਾਲੋਂ ਵੀ ਪ੍ਰੈਸ਼ਟ ਮੰਨੀ ਜਾਂਦੀ ਹੈ। ਪ੍ਰਤੱਖਣ ਵਿੱਚ ਪ੍ਰਤੱਖਕ ਨੂੰ ਆਧਾਰ ਸਮੱਗਰੀ ਗ੍ਰਹਿਣ ਕਰਨ ਅਤੇ ਉਸ ਦੇ ਭਾਵਾਰਥ ਜਾਣਨ ਲਈ ਆਪਣੀ ਬੁੱਧੀ ਉੱਪਰ ਹੀ ਟੇਕ ਰੱਖਣੀ ਪੈਂਦੀ ਹੈ; ਪਰੰਤੂ ਸੰਪਾਦਕਤਾ ਵਿੱਚ ਉਹ ਸੂਚਕ ਦੀ ਸੂਝ ਬੂਝ, ਸਿਆਣਪ ਤੇ ਟੀਕਾ-ਟਿੱਪਣੀ ਵਰਤਣ ਦੇ ਵੀ ਜੋਗ ਹੋ ਜਾਂਦਾ ਹੈ। ਜੇ ਸੂਚਕ ਅਤੇ ਸੰਪਾਦਕਤਾਕਾਰ, ਦੋਵੇਂ, ਸੂਝ ਬੂਝ ਵਾਲੇ ਵਿਸਤਰਤੀ ਹਨ ਅਤੇ ਆਪਣੇ ਆਪਣੇ ਪੱਤਰ ਅਤੇ ਵਿਹਾਰ-ਕਰਮ ਵਿੱਚ ਮਾਹਿਰ ਹਨ, ਤਾਂ ਸਮੂਹਿਕ ਜਤਨ ਤੋਂ ਪ੍ਰਾਪਤ ਸਿੱਟੇ, ਨਿਸ਼ਚੈ ਹੀ, ਬੜੇ ਮਹੱਤਵਪੂਰਣ ਨਿਕਲਣਗੇ। ਪਰੰਤੂ ਇਸ ਵਿਸ਼ੇ ਤੇ ਅਸੀਂ ਸਮਾਜਿਕ ਵਿਗਿਆਨਾਂ ਬਾਰੇ ਅਧਿਆਇ ਵਿੱਚ ਫਿਰ ਪਰਤਾਂਗੇ।

(2) <u>ਪ੍ਰਸ਼ਨ ਸੈੱਟ</u> => ਸੰਚਾਰਤਾ ਵਿੱਚ ਪ੍ਰਸ਼ਨਾਵਲੀ ਤੇ ਸਾਰਥੀ ਪ੍ਰਸ਼ਨ ਸੈੱਟ ਬਣਦੀਆਂ ਹਨ। ਸੰਚਾਰਤਾਕਾਰ ਇਨ੍ਹਾਂ ਦੀ ਸਹਾਇਤਾ ਲੈ ਕੇ ਹਰੇਕ ਜ਼ਰੂਰੀ ਸੂਚਨਾ ਤੱਕ ਆਸਾਨੀ ਨਾਲ ਹਾਸਲ ਕਰਦਾ ਹੈ। ਜੇ ਉਹ ਇਨ੍ਹਾਂ ਦੀ ਵਰਤੋਂ ਨਹੀਂ ਕਰਦਾ ਤਾਂ ਕਾਫ਼ੀ ਅਣਪੁੱਛਿਆ ਰਹਿ ਜਾਂਦਾ ਸੁਭਾਵ ਹੈ। ਸੰਚਾਰਤਾ ਵਿੱਚ ਉਹ ਤਿਆਰ ਕੀਤੇ ਪ੍ਰਸ਼ਨਾਂ ਤੋਂ ਬਿਨਾਂ ਹੋਰ ਪ੍ਰਸ਼ਨ ਵੀ ਪੁੱਛ ਸਕਦਾ ਹੈ, ਅਤੇ ਲੋੜ ਅਨੁਸਾਰ ਆਪਣੇ ਪ੍ਰੋਗਰਾਮ ਬਦਲ ਵੀ ਸਕਦਾ ਹੈ।

ਸੰਚਾਰਤਾ ਸਮੇਂ ਹੋਈ ਗੱਲਬਾਤ ਨੂੰ ਰਿਕਾਰਡ ਕਰਨ ਲਈ ਅੱਜ ਕੱਲ ਨਵੀਂ ਕਾਢ ਫੋਨੋਗ੍ਰਾਮ ਜਾਂ ਟੇਪ-ਰਿਕਾਰਡਰ ਦੀ ਵਰਤੋਂ ਬੜੀ ਉਪਯੋਗੀ ਸਿੱਧ ਹੋਈ ਹੈ। ਇਸ ਨਾਲ ਸੰਚਾਰਤਾ ਵਿੱਚ ਮਿਲੀ ਸੂਚਨਾ ਹੂ-ਬ-ਹੂ ਸੁਰੱਖਿਅਤ ਹੋ ਜਾਂਦੀ ਹੈ ਤੇ ਬਾਅਦ ਵਿੱਚ, ਜਦੋਂ ਵੀ ਲੋੜ ਪਏ, ਆਧਾਰ ਸਮੱਗਰੀ ਦੀ ਪ੍ਰਮਾਣਕਤਾ ਪਰਖੀ ਜਾ ਸਕਦੀ ਹੈ। ਫੋਨੋਗ੍ਰਾਫ ਜਾਂ ਟੇਪ ਰਿਕਾਰਡ ਨਾਲ ਲੋਕ ਗੀਤ, ਲੋਕ ਬਾਤਾਂ, ਲੋਕ ਕਹਾਣੀਆਂ, ਅਖਾਣ, ਚੁਟਕਲੇ, ਬੁਝਾਰਤਾਂ ਆਦਿ ਇਕੱਤਰ ਕਰਨ ਦੀ ਸੁਵਿਧਾ ਬਣੀ ਰਹਿੰਦੀ ਹੈ। ਲੋਕ ਗੀਤਾਂ ਦੇ ਸੰਕਲਨ ਵਿੱਚ ਟੇਪ-ਰਿਕਾਰਡਰ ਦੀ ਮਹੱਤਤਾ ਇਸ ਕਰਕੇ ਵੀ ਬਹੁਤ ਹੈ ਕਿ ਇਸ ਦੁਆਰਾ ਲੋਕ ਗੀਤਾਂ ਦੀ ਧੁਨੀ ਦੀ ਪਰਖ ਵੀ ਕੀਤੀ ਜਾ ਸਕਦੀ ਹੈ। ਲੋਕ ਧੁਨੀਆਂ ਦਾ ਅਧਿਐਨ, ਫੋਕਲੋਰ ਅਧਿਐਨ ਦਾ ਇਕ ਜ਼ਰੂਰੀ ਵਿਸ਼ਾ ਹੈ।

ਸੰਚਾਰਤਾ ਦੀ ਸਫਲਤਾ ਸੰਚਾਰਤਾਕਾਰ ਦੇ ਤਜਰਬੇ ਅਤੇ ਸੁਭਾਅ ਉੱਪਰ ਨਿਰਭਰਤਾ ਰੱਖਦੀ ਹੈ। ਜੇ ਉਹ ਸੰਚਾਰਤਾ ਪਾਤਰ ਨਾਲ ਆਪਣੱਤ ਪਾਉਣ ਵਿੱਚ ਸਫਲ ਨਹੀਂ ਹੁੰਦਾ, ਤਾਂ ਉਸ ਨੂੰ ਲੋੜੀਂਦੀ ਸੂਚਨਾ ਨਹੀਂ ਮਿਲੇਗੀ। ਜੇ ਮਿਲੇਗੀ ਤਾਂ ਅਧੂਰੀ ਜਾਂ ਨਾ-ਮੁਕੰਮਲ ਹੋਵੇਗੀ। ਸੰਚਾਰਤਾਕਾਰ ਨੂੰ ਸਮੇਂ ਦਾ ਖਿਆਲ ਵੀ ਰੱਖਣਾ ਪਵੇਗਾ। ਸੰਚਾਰਤਾ ਲੋੜ ਤੋਂ ਵੱਧ ਲੰਮੀ ਨਹੀਂ ਹੋਣੀ ਚਾਹੀਦੀ ਅਤੇ ਸੰਚਾਰਤਾ ਪਾਤਰ ਦੇ ਸਬਰ ਨੂੰ ਬਹੁਤ ਨਹੀਂ ਅਜ਼ਮਾਇਆ ਚਾਹੀਦਾ।

(3) <u>ਪੁਸਤਕ ਸੂਚੀਆਂ</u> => ਪੁਸਤਕਾਂ ਬਾਰੇ ਲੋੜੀਂਦੀ ਜਾਣਕਾਰੀ ਦੇਣ ਵਾਲੀ ਪੁਸਤਕ ਜਾਂ ਸੂਚੀਆਂ ਦਾ ਨਾਂ 'ਪੁਸਤਕ ਸੂਚੀ' ਹੈ। ਅੰਗਰੇਜ਼ੀ ਵਿੱਚ ਇਸ ਨੂੰ ਬਿਬਲਿਓਗ੍ਰਾਫੀ ਆਖਦੇ ਹਨ। ਬਿਬਲਿਓਗ੍ਰਾਫੀ ਦਾ ਪਰਿਭਾਸ਼ਿਕ 'ਅਰਥ ਪੁਸਤਕਾਂ ਸੰਬੰਧੀ ਵਿਗਿਆਨ ਹੈ ਤੇ ਇਸ

ਵਿਚ ਤਾਂ ਸਾਰਾ ਸਾਹਿਤ ਸ਼ਾਮਲ ਹੈ ਜੋ ਪੁਸਤਕਾਂ ਬਾਰੇ ਹੁੰਦਾ ਹੈ। ਵੱਖ-ਵੱਖ ਸਰੋਤਾਂ ਲਈ ਤਿਆਰ ਕੀਤੀਆਂ ਪੁਸਤਕ ਸੂਚੀਆਂ ਇਸ ਸਾਰੇ ਸਾਹਿਤ ਦਾ ਬਹੁਤ ਵੱਡਾ ਅੰਗ ਹਨ। ਇਸ ਲਈ ਬਿਬਲਿਓਗ੍ਰਾਫੀ ਦਾ ਆਮ ਜਾਣਿਆ ਪਛਾਣਿਆ ਅਰਥ 'ਪੁਸਤਕ ਸੂਚੀ' ਵੀ ਹੈ। ਪੰਜਾਬੀ ਵਿੱਚ ਇਸ ਵੰਨਗੀ ਦੇ ਸਾਹਿਤ ਦੀ ਬੜੀ ਘਾਟ ਹੈ ਅਤੇ ਜਿੰਨੀ ਵਿੱਚ ਵੀ ਸਥਿਤੀ ਕੋਈ ਬਹੁਤ ਪ੍ਰਸੰਸਾਯੋਗ ਨਹੀਂ। ਪਰੰਤੂ ਅੰਗਰੇਜ਼ੀ ਵਿੱਚ ਇਸ ਵੰਨਗੀ ਦੇ ਸਾਹਿਤ ਦੀ ਜੋ ਬਹੁਤਾਤ ਹੈ ਤੇ ਜਿਸ ਵਿਗਿਆਨਕ ਢੰਗ ਨਾਲ ਇਹ ਸਭ ਕੁਝ ਤਿਆਰ ਕੀਤਾ ਹੋਇਆ ਮਿਲਦਾ ਹੈ, ਉਸ ਦੀ ਦਾਦ ਦਿੱਤੇ ਬਿਨਾਂ ਨਹੀਂ ਰਿਹਾ ਜਾ ਸਕਦਾ।

ਵੀਹਵੀਂ ਸਦੀ ਵਿੱਚ ਸੰਚਾਰ ਸਾਧਨਾਂ (means of Communication) ਵਿੱਚ ਹੋਈ ਉੱਨਤੀ ਨੇ ਵਿਸ਼ਵ ਭਰ ਨੂੰ ਇਕ ਸੰਗਠਿਤ ਇਕਾਈ ਬਣਾ ਦਿੱਤਾ ਹੈ। ਫਲਸਰੂਪ ਗਿਆਨ ਵਿਗਿਆਨ ਦੇ ਖੇਤਰ ਵਿੱਚ ਦੂਜਿਆਂ ਨਾਲ ਕਦਮ ਮੇਲ ਕੇ ਤੁਰਨ ਲਈ ਸਾਨੂੰ ਸਭ ਪਾਸਿਓਂ ਲਾਭ ਉਠਾਣਾ ਪੈਂਦਾ ਹੈ। ਖੋਜ ਦੀ ਹਾਲਤ ਵਿੱਚ ਵੀ ਇਹ ਗੱਲ ਠੀਕ ਹੈ। ਖੋਜ ਲਈ ਸੰਦਰਭ ਸਾਧਨ, ਵਿਸ਼ਲੇਸ਼ਣ ਦੇ ਪੈਟਰਨ ਤੇ ਇਥੋਂ ਤੱਕ ਕਿ ਤਿਆਰ ਕੀਤੇ ਸੰਦ ਵੀ ਸਾਨੂੰ ਬਹੁਤੇ ਪੱਛਮੀ ਸਾਹਿਤ ਤੋਂ ਮਿਲਦੇ ਹਨ। ਇਸ ਲਈ ਉਸ ਸਭ ਸਾਹਿਤ ਉਪਰ ਸਾਡੀ ਨਿਰਭਰਤਾ ਕਿਸੇ ਸ਼ਰਮ ਦਾ ਕਾਰਨ ਨਹੀਂ।

(4) <u>ਵਰਗੀਕ੍ਰਿਤ ਪੁਸਤਕ ਸੂਚੀ</u> => ਅੰਗਰੇਜ਼ੀ ਵਿਚ ਮਿਲਦੀਆਂ ਅਨੇਕ ਪ੍ਰਕਾਰ ਦੀਆਂ ਪੁਸਤਕ ਸੂਚੀਆਂ ਵਿਚੋਂ ਇਕ ਵੰਨਗੀ ਜਿਹੜੀ ਪੰਜਾਬੀ ਦੀ, ਵਿਦਿਆ ਦੇ ਹਰੇਕ ਖੇਤਰ ਵਿੱਚ ਕੰਮ ਕਰ ਰਹੇ ਖੋਜਕਾਰ ਲੇਖਕ ਨੂੰ ਵਾਕਫੀ ਬਖਸ਼ਦੀ ਹੈ, ਪ੍ਰਕਾਸ਼ਿਤ ਪੁਸਤਕਾਂ ਦੀ ਵਿਸ਼ੇ ਅਨੁਸਾਰ ਵਰਗੀਕ੍ਰਿਤ (Classified) ਸੂਚੀ ਹੈ। ਉਦਾਹਰਣ ਵਜੋਂ, ਅੰਗਰੇਜ਼ੀ ਵਿੱਚ ਛਪੀਆਂ ਕੁਝ ਕੁ ਬਿਬਲਿਓਗ੍ਰਾਫੀਆਂ (Subject Guide to Books in Print) ਨਾਂ ਹੇਠ ਮਿਲਦੀਆਂ ਹਨ। ਇਹ ਸੰਸਥਾ ਆਰ. ਆਰ ਬੋਕਰ ਕੰਪਨੀ, ਨਿਊਯਾਰਕ ਵਲੋਂ ਛਾਪੀਆਂ ਜਾਂਦੀਆਂ ਵੱਡੇ ਆਕਾਰ ਦੀਆਂ ਪੁਸਤਕ ਸੂਚੀਆਂ ਹਨ।

ਇਨ੍ਹਾਂ ਵਿਚ ਦੁਨੀਆਂ ਭਰ ਦੇ ਵਿਸ਼ਾਲ ਕੀਤੇ ਜਾ ਸਕਣ ਵਾਲੇ ਵਿਸ਼ਿਆਂ ਉਪਰ ਪਿਛਲੇ ਕੁੱਝ ਸਾਲਾਂ ਵਿਚ ਛਪੀਆਂ ਮਹੱਤਵਪੂਰਨ ਪੁਸਤਕਾਂ ਦੇ ਪੂਰੇ ਪਤੇ, ਛਾਪਣ ਵਾਲਿਆ ਦੇ ਨਾਂ, ਛਪਣ ਸਾਲ, ਕੀਮਤਾਂ ਲੇਖਕ ਆਦਿ ਬਾਰੇ ਪੂਰੀ ਜਾਣਕਾਰੀ ਦਿੱਤੀ ਹੋਈ ਹੁੰਦੀ ਹੈ। ਇਨ੍ਹਾਂ ਪੁਸਤਕ ਸੂਚੀਆਂ ਦੀ ਮਦਦ ਨਾਲ ਹਰੇਕ ਖੋਜਕਾਰ ਆਪਣੇ ਵਿਸ਼ੇ ਉਪਰ ਉਤਕ੍ਰਿਸ਼ਟ ਦੇ ਲੇਖਕਾਂ ਦੀਆਂ ਲਿਖੀਆਂ ਪੁਸਤਕਾਂ ਦੀ ਸੂਚੀ ਸੌਖੇ ਹੀ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਵਿਚੋਂ ਕਈ ਪਾਠਕ ਦੇ ਗਿਆਨ ਵਿੱਚ ਵਾਧਾ ਕਰ ਸਕਦੀਆ ਹਨ ਤੇ ਕਈ ਖੋਜਕਾਰ ਨੂੰ ਮਾਰਗ ਦਾ ਕੰਮ ਦੇ ਸਕਦੀਆ ਹਨ। ਕਹਿਣ ਦੀ ਲੋੜ ਨਹੀ ਕਿ ਜੇ ਇਕ ਵਾਰੀ ਲੋੜੀਂਦੀਆਂ ਪੁਸਤਕਾਂ ਦਾ ਵੇਰਵਾ ਮਿਲ ਜਾਏ, ਤਾਂ ਉਨ੍ਹਾਂ ਦੀ ਪ੍ਰਾਪਤ ਕਰ ਸਕਣਾ ਸੌਖਾ ਹੋ ਜਾਂਦਾ ਹੈ। ਫਿਰ ਉਨ੍ਹਾਂ ਦਾ ਕਿਥੋਂ ਨਾ ਕਿਥੋਂ, ਦੇਸ਼ ਦੀਆਂ ਪ੍ਰਸਿੱਧ ਲਾਇਬ੍ਰੇਰੀਆਂ ਵਿਚੋਂ, ਮਿਲ ਸਕਣਾ ਸੌਖਾ ਹੋ ਜਾਂਦਾ ਹੈ। ਉਹ ਪ੍ਰਕਾਸ਼ਕ ਪਾਸੋਂ ਸਿੱਧੇ ਆਰਡਰ ਕਰਕੇ ਮੰਗਵਾਈਆਂ ਜਾ ਸਕਦੀਆਂ ਹਨ। ਲੋੜੀਦੀਆਂ ਪੁਸਤਕਾਂ ਦੀ ਪ੍ਰਕਾਸ਼ਕ ਸੂਚੀ ਹੱਥ ਆ ਜਾਣ ਨਾਲ ਸਾਰੀ ਲਾਇਬ੍ਰੇਰੀ ਫਾਲਤੂ ਦੀ ਗਰਦ ਤੋਂ ਬਚਿਆ ਜਾ ਸਕਦਾ ਹੈ।

(5) <u>ਸੰਦਰਭ - ਪੁਸਤਕਾਂ ਸੂਚੀ</u> => ਪੁਸਤਕ ਸੂਚੀਆਂ ਜਿਨ੍ਹਾਂ ਹੀ ਮਹੱਤਵਪੂਰਣ ਸਨ ਸੰਦਰਭ ਪੁਸਤਕਾਂ ਹਨ। ਅੰਗਰੇਜ਼ੀ ਵਿੱਚ ਐਨਸਾਈਕਲੋਪੀਡੀਆ, ਡਿਕਸ਼ਨਰੀ, ਕਾਨਕੋਰਡੈਂਸ, ਇੰਡੈਕਸ, ਰੈਪੱਲੀਮਨ, ਮੈਨੂਅਲ, ਹੈਂਡਬੁੱਕ, ਈਅਰਬੁੱਕ, ਗਾਈਡ, ਡਾਇਰੈਕਟਰੀ, ਐੱਲਮਾਨਿਕ (ਪੰਚਾਂਗ) ਆਦਿ ਕੋਟੀਆਂ ਹੇਠ ਮਿਲਦੀਆਂ ਪੁਸਤਕਾਂ ਸਾਹਿਤ ਦੀ ਇਸ ਵੰਨਗੀ ਦੀਆਂ ਹੀ ਸੂਚਕ ਹਨ। ਭਾਰਤ ਵਿੱਚ ਇਹ ਖੋਜ ਲਈ ਪੁਸਤਕ ਸੂਚੀਆਂ ਤੋਂ ਕਿਤੇ ਵਧੇਰੇ ਪ੍ਰਬਲ ਸੰਦ ਹਨ। ਪੁਸਤਕ ਸੂਚੀਆਂ ਦੀ ਲੋੜ ਤਾਂ ਕਦੀ ਕਦਾਈਂ, ਸਗੋਂ ਵਿਸ਼ਾਲ ਪੈਂਦੀ ਹੈ ਪਰ ਸੰਦਰਭ ਪੁਸਤਕਾਂ ਤੋਂ ਬਿਨ੍ਹਾਂ ਪਲ ਭਰ ਨਹੀਂ ਸਰਦਾ। ਇਸ ਤਰ੍ਹਾਂ ਇਸ ਸੰਦ ਦੀ ਚੰਗੀ ਸੋਝੀ ਹੋਣੀ ਜ਼ਰੂਰੀ ਹੈ, ਸੋਝੀ ਹੀ ਨਹੀਂ, ਵਰਤਣ ਦੀ ਜਾਚ ਵੀ ਹੋਣੀ ਜ਼ਰੂਰੀ ਹੈ। ਖੋਜਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਸੰਦਰਭ ਗ੍ਰੰਥ, ਕਿਹੜੀ ਜਾਣਕਾਰੀਆਂ ਕਿੱਥੇ ਆਪਣੀ ਲਿਖਤ ਵਿਚ ਸ਼ਾਮਿਲ ਨਾ ਦੇਵੇ। ਅਜਿਹਾ ਕਰਨਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਉਹ

ਸੰਦਰਭ ਪੁਸਤਕਾਂ ਵਾਲੇ ਸੰਦ ਦੀ ਵਰਤੋਂ ਪ੍ਰਤੀ ਰੁਚੀ ਰਖਨ ਦਾ ਆਦੀ ਹੁੰਦੇ।

(6) <u>ਵਿਸ਼ਵਕੋਸ਼</u> => ਵਿਸ਼ਵਕੋਸ਼ ਵਿਆਪਕ ਗਿਆਨ, ਪਰਿਸਰ ਤੇ ਵਿਸ਼ੇਸ਼ਗਤ ਵੰਨਗੀ ਦੇ ਹੁੰਦੇ ਹਨ। ਇਹ ਕਿਸੇ ਵਿਸ਼ੇ ਬਾਰੇ ਠੋਸ ਤੇ ਪ੍ਰਮਾਣਿਕ ਸੂਚਨਾ ਜੁਟਾਣ ਲਈ ਬੜੇ ਉਪਯੋਗੀ ਹੁੰਦੇ ਹਨ। ਇਸ ਨਾਂ ਹੇਠ ਅੰਗਰੇਜ਼ੀ ਵਿੱਚ ਮਿਲਦੀਆਂ ਕੁਝ ਕ੍ਰਿਤੀਆਂ ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਐਨਸਾਈਕਲੋਪੀਡੀਆ ਏਸ਼ੀਆਟਿਕਾ, ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਐਨਸਾਈਕਲੋਪੀਡੀਆ ਅਮੈਰੀ-ਕਾਨਾ ਤੇ ਚੈਂਬਰਜ਼ ਬੜੀਆਂ ਮਹੱਤਵਪੂਰਨ ਹਨ। ਇਨ੍ਹਾਂ ਅਤੇ ਛਪੇ ਮਿਲਦੇ ਹੋਰਨਾਂ ਐਨਸਾਈਕਲੋਪੀਡੀਆਵਾਂ ਤੇ ਸੰਦਰਭ ਪੁਸਤਕਾਂ ਦੀ ਮਦਦ ਨਾਲ ਸਭ ਤਰ੍ਹਾਂ ਦੀਆਂ ਗੁੰਝਲਾਂ ਆਸਾਨੀ ਨਾਲ ਖੋਲ੍ਹੀਆਂ ਜਾ ਸਕਦੀਆਂ ਹਨ।

(7) <u>ਡਿਕਸ਼ਨਰੀਆਂ ਜਾਂ ਕੋਸ਼</u> => ਐਨਸਾਈਕਲੋਪੀਡੀਆਵਾਂ, ਜਿਨ੍ਹਾਂ ਨੂੰ ਅਸੀਂ ਪੰਜਾਬੀ ਵਿਚ 'ਵਿਸ਼ਵਕੋਸ਼' ਕਹਿੰਦੇ ਹਾਂ, ਜਿੰਨਾ ਹੀ ਵਰਤੋਂਯੋਗ ਸੰਦ ਡਿਕਸ਼ਨਰੀਆਂ ਜਾਂ ਕੋਸ਼ ਹਨ। ਇਨ੍ਹਾਂ ਦਾ ਖੇਤਰ ਬੜਾ ਵਿਸ਼ਾਲ ਹੈ। ਸਾਧਾਰਣ ਵੰਨਗੀ ਦੀਆਂ ਡਿਕਸ਼ਨਰੀਆਂ ਤੋਂ ਅਤਿਰਿਕਤ ਵਿਸ਼ੇਸ਼ ਅਨੁਸ਼ਾਸਨਾਂ ਅਤੇ ਵਿਸ਼ੇਸ਼ ਵਿਦਿਆਵਾਂ ਨਾਲ ਸੰਬੰਧਿਤ ਡਿਕਸ਼ਨਰੀਆਂ ਵੀ ਮਿਲਦੀਆਂ ਹਨ। ਉਦਾਹਰਣ ਵਜੋਂ, ਏ ਡਿਕਸ਼ਨਰੀ ਆਫ ਮਿਊਜ਼ਿਕ ਐਂਡ ਮਿਊਜ਼ੀਸ਼ੀ-ਅਨਜ਼, ਡਿਕਸ਼ਨਰੀ ਆਫ ਇਕਨਾਮਿਕਸ, ਡਿਕਸ਼ਨਰੀ ਆਫ ਫਿਲਾਸਫ਼ੀ, ਆਦਿ। ਵਾਸਤਵ ਵਿਚ ਇਸ ਪਾਸੇ ਅੰਗਰੇਜ਼ੀ ਵਿਚ ਇੰਨਾ ਕੰਮ ਹੋਇਆ ਹੈ ਕਿ ਹਰੇਕ ਕਹਿੰਦੇ ਕਹਾਂਦੇ ਵਿਸ਼ੇ ਸੰਬੰਧੀ ਕੋਈ ਨਾ ਕੋਈ ਕੋਸ਼, ਲੋੜੀਂਦੀ ਸੂਚਨਾ ਦੇਣ ਵਾਲਾ ਮਿਲ ਜਾਂਦਾ ਹੈ; ਲੋੜ ਕੇਵਲ ਲਾਇਬ੍ਰੇਰੀ ਵਿਚ ਜਾ ਕੇ ਭਾਲ ਕਰਨ ਦੀ ਹੁੰਦੀ ਹੈ।

(8) <u>ਹੋਰ ਪ੍ਰਕਾਸ਼ਿਤ ਸੰਦ</u> => ਪੁਸਤਕ ਰੂਪ ਵਿਚ ਮਿਲਦੇ ਹੋਰ ਸੰਦਾਂ ਜਿਵੇਂ ਥਿਸੌਰਸਿਜ਼, ਹੈਂਡ ਬੁਕਸ, ਸਟੈਟਿਸਟੀਕਲ ਐਬਸਟ੍ਰੈਕਟਸ, ਕ੍ਰੋਨੋਲਾਜੀਕਲ ਟੇਬਲਜ਼, ਗਾਈਡਜ਼, ਡਾਇਰੈਕਟਰੀਜ਼ ਆਦਿ ਦਾ ਵੇਰਵਾ ਦੇਣਾ ਸੰਭਵ ਨਹੀਂ। ਪਰੰਤੂ, ਜੇਕਰ ਮਹੱਤਵਪੂਰਨ ਲਾਇਬ੍ਰੇਰੀ ਵਿਚ

ਇਨ੍ਹਾਂ ਦਾ ਰੋਲ ਤੇ ਵਸਤੂਆਂ ਸਾਰਾ ਅਨਿਖੜਵਾਂ ਹਿੱਸਾ ਜਾ ਸਕਦਾ ਹੈ। ਫਾਈਲਾਂ ਨੂੰ ਲੋੜੀਂਦੀ ਸੂਚਨਾ ਉੱਥੋਂ ਮਿਲ ਸਕਦੀ ਹੈ।

(9) **ਖੇਤਰੀ ਖੋਜ ਦੇ ਸੋਮੇ** => ਪ੍ਰਸ਼ਨ ਸੂਚੀਆਂ ਤੇ ਸੰਦਰਭ ਪੁਸਤਕਾਂ ਵਾਲੇ ਸੋਮਿਆਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੀ ਵਰਤੋਂ ਮੇਜ਼, ਕੁਰਸੀ ਜਾਂ ਕਿਸੇ ਥਾਂ ਤੇ ਬੈਠ ਕੇ ਕੀਤੀ ਜਾ ਸਕਦੀ ਹੈ, ਬਾਹਰ ਖੇਤਰ ਵਿਚ ਘੁੰਮਣਾ ਨਹੀਂ ਪੈਂਦਾ। ਲੋੜੀਂਦੀ ਸਾਮਗਰੀ, ਸੰਕਲਿਤ ਤੇ ਸੰਗਠਿਤ ਰੂਪ ਵਿਚ, ਪੁਸਤਕਾਲਿਆਂ ਵਿਚੋਂ ਹੀ ਮਿਲ ਜਾਂਦੀ ਹੈ। ਇਸੇ ਕਾਰਣ ਇਨ੍ਹਾਂ ਸੋਮਿਆਂ ਦੀ ਮਦਦ ਨਾਲ ਚੱਲਣ ਵਾਲੀ ਖੋਜ ਨੂੰ 'ਦਫ਼ਤਰੀ' ਜਾਂ 'ਕਿਤਾਬੀ' ਅਥਵਾ 'ਸਾਹਿਤਕ' ਖੋਜ ਆਖਦੇ ਹਨ। 'ਸਾਹਿਤਕ' ਦਾ ਭਾਵ ਇਥੇ ਲਿਖਤ ਰਚਨਾਵਾਂ ਵਾਲੇ ਸਾਹਿਤ ਨਾਲ ਸੰਬੰਧ ਰੱਖਣ ਵਾਲੀ ਨਹੀਂ, ਸਾਹਿਤ ਆਸਰੇ ਚੱਲਣ ਵਾਲੀ ਖੋਜ ਹੈ।

(10) **ਸਾਰਣੀ** => ਸਾਰਣੀ ਪ੍ਰਸ਼ਨਾਵਲੀ ਵਰਗਾ ਹੀ ਖੇਤਰੀ ਖੋਜ ਸਰੋਤ ਹੈ। ਇਹ ਪ੍ਰਸ਼ਨਾਵਲੀ ਨਾਲੋਂ ਕਿਤੇ ਵੱਧ ਵਿਸਤ੍ਰਿਤ ਹੁੰਦੀ ਹੈ। ਇਸ ਵਿਚ ਕਿਸੇ ਮਸਲਿਆਂ ਬਾਰੇ ਲੋੜੀਂਦੀ ਸੂਚਨਾ ਦੇ ਵਿਸਤ੍ਰਿਤ ਢੰਗ ਨਾਲ ਇਕੱਤਰ ਕਰਨ ਦਾ ਵਿਧਾਨ ਹੁੰਦਾ ਹੈ। ਸਾਰਣੀ ਛੋਟੇ ਛੋਟੇ ਕਈ ਖੰਡਾਂ ਵਿਚ ਵੰਡੀ ਹੋਈ ਹੁੰਦੀ ਹੈ, ਹਰ ਖੰਡ ਵਿਚ ਅੱਗੋਂ ਕਈ ਖਾਨੇ, ਪ੍ਰਸ਼ਨਾਂ ਦੇ ਉੱਤਰ ਦੇਣ ਲਈ, ਖਾਲੀ ਛੱਡੇ ਹੁੰਦੇ ਹਨ। ਖੇਤਰ ਵਿਚ ਕੰਮ ਕਰਨ ਵਾਲਾ ਖੋਜ ਸਹਾਇਕ ਸੰਬੰਧਿਤ ਵਿਅਕਤੀ ਪਾਸ ਸਾਰਣੀ ਲੈ ਕੇ ਜਾਂਦਾ ਹੈ ਅਤੇ ਇਸ ਵਿਚ ਬਣੇ ਖਾਨਿਆਂ ਵਿਚ ਸੰਬੰਧਿਤ ਵਿਅਕਤੀ ਪਾਸੋਂ ਪੁੱਛ-ਗਿੱਛ ਕੇ ਲੋੜੀਂਦੀ ਸੂਚਨਾ ਭਰਦਾ ਚਲਾ ਜਾਂਦਾ ਹੈ। ਇੰਞ ਸਾਰਣੀ ਸੰਵਾਦਤਾ (Interview) ਦਾ ਹੀ ਇਕ ਸਹਾਇਕ ਸਹਾਇਕ ਸਰੋਤ ਹੈ। ਇਸ ਸਰੋਤ ਦੀ ਸਫ਼ਲਤਾ ਸਾਰਣੀ ਨੂੰ ਤਿਆਰ ਕਰਨ ਵਾਲੇ ਖੋਜਕਾਰਾਂ ਤੇ ਅੱਗੋਂ ਖੇਤਰ ਵਿਚ ਜਾ ਕੇ ਲੋਕਾਂ ਪਾਸੋਂ ਸੂਚਨਾ ਇਕੱਤਰ ਕਰਨ ਵਾਲੇ ਖੋਜ ਸਹਾਇਕਾਂ ਦੀ ਸੂਝ ਬੂਝ ਅਤੇ ਸਿਦਕ ਉੱਤੇ ਨਿਰਭਰਤਾ ਰਖਦੀ ਹੈ।

(11) **ਸਾਰਣੀ ਦੇ ਪ੍ਰਕਾਰ** => ਸਾਰਣੀ ਮੁੱਖ ਰੂਪ ਵਿਚ ਤਿੰਨ ਕਿਸਮਾਂ ਦੀ ਵੰਡੀ ਗਈ ਹੈ। ਪਹਿਲੀ ਪ੍ਰਤੱਖਣ ਅਤੇ ਸੰਵਾਦਤਾ

ਦੇ ਸਹਾਇਕ ਸੰਦ ਵਜੋਂ ਵਰਤੀ ਜਾਣ ਵਾਲੀ ਸਾਰਣੀ ਹੈ।(Observation Schedule) ਦੂਜੀ ਦਸਤਾਵੇਜ਼ੀ (documen Schedule), ਅਤੇ ਤੀਜੀ ਸੰਸਥਾਗਤ (institutional)। ਪਹਿਲੀ ਤੱਥ ਸੰਕਲਨ ਨੂੰ ਪਰਿਪੱਕ, ਵਸਤੂ ਨਿਸ਼ਠ ਤੇ ਪ੍ਰਮਾਣਿਕ ਬਣਾਉਣ ਲਈ ਵਰਤੀ ਜਾਂਦੀ ਹੈ; ਦੂਜੀ ਦਸਤਾ-ਵੇਜ਼ਾਂ ਤੋਂ ਇਕਤ੍ਰ ਕੀਤੀ ਸਾਮਗ੍ਰੀ ਨੂੰ ਬਣਦੇ ਵਰਗਾਂ ਅਧੀਨ ਸੰਗ੍ਰਹਿਤ ਕਰਨ ਲਈ ਅਤੇ ਤੀਜੀ, ਸੰਸਥਾਗਤ ਸਰਵੇਖਣ ਜਾਂ ਮੁਲਿਆਂਕਣ ਲਈ ਹੈ।

(12) ਪ੍ਰਤੱਖਣ => ਫੋਕਲੋਰ, ਭਾਸ਼ਾ, ਸਮਾਜਿਕ ਤੇ ਸਭਿਆਚਾਰਕ ਸੰਸਥਿਆਵਾਂ ਉਪਰ ਕੰਮ ਕਰਨ ਲਈ ਪ੍ਰਤੱਖਣ ਬਹੁਤ ਜ਼ਰੂਰੀ ਜੁਗਤ ਹੈ। ਫਰਜ਼ ਕਰੋ, ਅਸੀਂ ਕਿਸੇ ਜਾਤੀ ਦੇ ਰਸਮ ਰਿਵਾਜਾਂ, ਵਿਸ਼ੇਸ਼ ਰਸਮਾਂ, ਮੇਲੇ ਤਿਉਹਾਰਾਂ, ਟੂਣੇ ਮੰਤਰਾਂ ਜਾਂ ਕਿਸੇ ਹੋਰ ਸਭਿਆਚਾਰਕ ਪ੍ਰਥਾਵਾਂ ਦਾ ਤਰਸੰਜੋਗ ਅਧਿਐਨ ਕਰਨਾ ਲੋੜਦੇ ਹਾਂ, ਤਾਂ ਇਸ ਸੂਰਤ ਵਿੱਚ ਪ੍ਰਤੱਖਣ ਦੀ ਜੁਗਤ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ। ਇਹ ਵਿਅਕਤੀਆਂ ਦੇ ਹਾਵ-ਭਾਵਾਂ, ਰੁਚੀਆਂ ਤੇ ਸੁਭਾਵਾਂ ਨੂੰ ਜਾਨਣ ਬੁੱਝਣ ਲਈ ਵੀ ਵਧੀਆ ਜੁਗਤ ਹੈ।

(13) ਨਿਯੰਤ੍ਰਿਤ ਤੇ ਅਨਿਯੰਤ੍ਰਿਤ ਪ੍ਰਤੱਖਣ => ਪ੍ਰਤੱਖਣ ਦੋ ਕਿਸਮਾਂ ਦਾ ਹੁੰਦਾ ਹੈ। ਅਨਿਯੰਤ੍ਰਿਤ ਤੇ ਦੂਜਾ ਨਿਯੰਤ੍ਰਿਤ। ਅਨਿਯੰਤ੍ਰਿਤ ਪ੍ਰਤੱਖਣ ਵਿੱਚ ਪ੍ਰਤੱਖਕ ਨੂੰ ਤੱਥਾਂ ਦੇ ਸੰਕਲਨ ਵਿੱਚ ਕਿਸੇ ਪ੍ਰਕਾਰ ਦੇ ਵਿਸ਼ੇਸ਼ਤਾ-ਸੰਦਾਂ ਦੀ ਸਹਾਇਤਾ ਪ੍ਰਾਪਤ ਨਹੀਂ ਹੁੰਦੀ, ਆਧਾਰ ਸਮੱਗਰੀ ਬਿਨਾਂ ਕਿਸੇ ਨਿਸ਼ਚਿਤ ਦੰਸਵਲੀ ਦੇ ਪ੍ਰਤੱਖਕ ਦੀ ਸੂਝ ਬੂਝ ਅਨੁਸਾਰ ਹੀ ਇਕੱਤਰ ਕੀਤੀ ਗਈ ਹੁੰਦੀ ਹੈ। ਸਮਾਜਿਕ ਵਿਗਿਆਨਾਂ ਦੀ ਖੇਤਰ ਵਿੱਚ ਅਨਿਯੰਤ੍ਰਿਤ ਕਿਸਮ ਦੇ ਪ੍ਰਤੱਖਣ ਨਾਲ ਤਾਂ ਕੰਮ ਸਰ ਜਾਂਦਾ ਹੈ ਪਰ ਪ੍ਰਾਕ੍ਰਿਤਕ ਵਿਗਿਆਨਾਂ ਵਿੱਚ ਸਿੱਧੇ ਇਕੱਤਰ ਕੀਤੀ ਆਧਾਰ ਸਾਮਗਰੀ ਦੀ ਵਿਸ਼ੁੱਧਤਾ ਅਤੇ ਪ੍ਰਮਾਣਕਤਾ ਬਹੁਤ ਜ਼ਰੂਰੀ ਸ਼ਰਤ ਅਨਿਯੰਤ੍ਰਿਤ ਪ੍ਰਤੱਖਣ ਦਾ ਤਿਆਗ ਕਰ ਦਿੱਤਾ ਜਾਂਦਾ ਹੈ। ਉੱਥੇ ਅਨਿਯੰਤ੍ਰਿਤ ਪ੍ਰਤੱਖਣ ਦੀ ਥਾਂ ਨਿਯੰਤ੍ਰਿਤ ਪ੍ਰਤੱਖਣ ਲੈ ਲੈਂਦਾ ਹੈ। ਇਸ ਕਿਸਮ ਦੇ ਪ੍ਰਤੱਖਣ ਵਿੱਚ ਆਧਾਰ ਸਾਮਗਰੀ ਇਕੱਤਰ ਕਰਨ ਲਈ ਸਹਾਇਕ ਯੰਤਰਾਂ ਦੀ ਸਹਾਇਤਾ ਲਈ ਜਾਂਦੀ ਹੈ।

ਪ੍ਰਦਰਸ਼ਨ ਰਾਹੀਂ ਸੰਸਕ੍ਰਿਤੀ ਦਾ ਪ੍ਰਮਾਣੀਕਰਣ ਕਰ ਲਿਆ ਜਾਂਦਾ ਹੈ ਅਤੇ ਯਤਨ ਕੀਤਾ ਜਾਂਦਾ ਹੈ ਕਿ ਆਧਾਰ ਸਾਮਗਰੀ ਇਕੱਤਰ ਕਰਨ ਲਈ ਚੁਣਿਆ ਗਿਆ ਨਮੂਨਾ ਪ੍ਰਤੀਨਿਧ ਹੋਵੇ। ਅਜੇਹਾ ਕਰਨਾ ਜ਼ਰੂਰੀ ਹੈ ਤਾਂ ਜੋ ਆਉਣ ਵਾਲੇ ਖੋਜਕਾਰ ਆਧਾਰ ਸਾਮੱਗਰੀ ਦੀ ਵਿਸ਼ਵਸਤਾ ਨੂੰ, ਜੇ ਉਹ ਪਰਖਣਾ ਚਾਹੁਣ, ਆਸਾਨੀ ਨਾਲ ਪਰਖ ਲੈਣ।

(14) ਭਿਆਸੀਯੁਕਤ ਅਤੇ ਭਿਆਸ/ਮੁਕਤ ⇒ ਪ੍ਰਦਰਸ਼ਨ ਅਨਿਸ਼ਚਿਤ ਹੋ ਭਾਵੇਂ ਨਿਸ਼ਚਿਤ, ਆਧਾਰ ਸਾਮਗਰੀ ਸੰਕਲਿਤ ਕਰਨ ਦੇ ਪੱਖ ਤੋਂ ਉਹ ਭਿਆਸੀ-ਯੁਕਤ ਹੋ ਸਕਦਾ ਹੈ ਤੇ ਭਿਆਸੀ-ਮੁਕਤ ਵੀ। ਪਿਛਲੇਰੇ ਵਿਚ ਪ੍ਰਦਰਸ਼ਕ ਆਪਣੇ ਆਪ ਨੂੰ ਪ੍ਰਤੱਖ ਹੇਠ ਆਈ ਸੰਸਕ੍ਰਿਤੀ ਤੋਂ ਬਾਹਰ ਰੱਖ ਕੇ ਆਪਣਾ ਵਿਹਾਰ ਚਲਾਉਂਦਾ ਹੈ। ਉਸ ਦਾ ਰੋਲ ਇਕ ਓਪਰੇ ਵਿਅਕਤੀ ਵਾਲਾ ਹੁੰਦਾ ਹੈ ਜਿਸ ਦੀ ਪ੍ਰਦਰਸ਼ਨ ਹੇਠ ਆਏ ਪ੍ਰਪੰਚ ਦੀ ਸੂਝ ਬੂਝ ਤੱਟੀ-ਵਿਹੀਨ ਨਹੀਂ ਹੁੰਦੀ। ਇਸ ਦਾ ਇਹ ਭਾਵ ਨਹੀਂ ਕਿ ਭਿਆਸੀਮੁਕਤ ਪ੍ਰਦਰਸ਼ਨ ਲਾਭਦਾਇਕ ਨਹੀਂ ਹੁੰਦਾ ਤੇ ਇਸ ਕਾਰਣ ਇਸ ਵਿਚ ਪ੍ਰਵਿਰਤ ਨਹੀਂ ਹੋਣਾ ਚਾਹੀਦਾ। ਨਹੀਂ, ਇਹ ਵੀ ਬੜਾ ਉਪਯੋਗੀ ਸਿੱਧ ਹੁੰਦਾ ਹੈ। ਖਾਸ ਕਰਕੇ ਜਦੋਂ ਪ੍ਰਦਰਸ਼ਕ ਸਾਵਧਾਨ ਤੇ ਚੇਤਨ ਹੋਵੇ। ਪਰੰਤੂ, ਭਿਆਸੀਯੁਕਤ ਪ੍ਰਦਰਸ਼ਨ ਦਾ ਮਹੱਤਵ ਵਧੇਰੇ ਹੈ। ਇਸ ਭਾਂਤ ਦੇ ਪ੍ਰਦਰਸ਼ਨ ਵਿਚ ਖੋਜਕਾਰ ਅਧਿਐਨ ਦੇ ਹੇਠ ਆਏ ਪ੍ਰਪੰਚ ਦਾ ਅੰਗ ਬਣ ਚੁਕਿਆ ਹੁੰਦਾ ਹੈ। ਇਸ ਕਾਰਣ ਉਹ ਉਸ ਸੰਸਕ੍ਰਿਤੀ ਵਿਚ ਉਸ ਜਾਤੀ ਦੇ ਲੋਕਾਂ ਦੀਆਂ ਭਾਵਨਾਵਾਂ, ਵਿਚਾਰਾਂ ਤੇ ਕਰਮਾਂ ਨੂੰ ਵਧੇਰੇ ਡੂੰਘਾਈ ਨਾਲ ਸਿੱਖ ਸਕਦਾ ਹੈ। ਅਮਰੀਕਾ ਦੇ ਇੰਡੀਅਨ ਜਾਤੀ ਦੇ ਲੋਕਾਂ ਬਾਰੇ ਖੋਜ ਕਰਨ ਵਾਲੇ ਪ੍ਰਸਿੱਧ ਫੋਕਲੋਰ-ਸ਼ਾਸਤਰੀ ਸੈਮਸ ਮੂਨੀ ਦਾ ਮਤ ਸੀ ਕਿ ਖੋਜ ਉਤੇ ਲੱਗਾ ਵਿਅਕਤੀ ਕਿਸੇ ਜਾਤੀ ਦੇ ਧਾਰਮਿਕ ਪ੍ਰਬੰਧਾਂ ਦੀ ਆਤਮਾ ਨੂੰ ਸੰਬੰਧਿਤ ਜਾਤੀ ਦੇ ਲੋਕਾਂ ਵਿਚ ਸਾਲ ਦੋ ਸਾਲ ਰਹਿ ਕੇ, ਭਿਆਸੀਯੁਕਤ ਪ੍ਰਦਰਸ਼ਨ ਰਾਹੀਂ, ਹੀ ਪਾ ਸਕਦਾ ਹੈ। ਉਹ ਇਹ ਹੈ ਕਿ ਪ੍ਰਦਰਸ਼ਨ ਵਿਚ ਪ੍ਰਵਿਰਤ ਪ੍ਰਦਰਸ਼ਕ ਲੋਕਾਂ ਦੇ ਜਾਦੂਆਂ ਟੂਣਿਆਂ ਤੇ ਆਮ ਅਰਦਾਸਾਂ ਵਿਚ ਇੰਨਾ ਸ਼ਾਮਿਲ ਨਾ ਹੋ ਜਾਵੇ ਕਿ ਉਹ ਆਪਣੀ ਸੰਸਕ੍ਰਿਤੀ

ਦੇ ਅਧਿਐਨ ਲਈ ਆਧਾਰ ਸਮੱਗਰੀ ਇਕੱਤਰ ਕਰਦਾ ਆਪਣੀ ਵਸਤੂ ਨਿਸ਼ਚਤ ਹੀ ਗੁਆ ਚੌਣੇ।

(15) <u>ਡਾਇਰੀ ਦੀ ਵਰਤੋਂ</u> => ਪ੍ਰਤੱਖਣ ਦੇ ਦੌਰਾਨ ਪ੍ਰਤੱਖਕ ਦੀਆਂ ਅੱਖਾਂ ਸਾਹਮਣੇ ਇੰਨਾ ਕੁੱਝ ਵਾਪਰਣ ਦੀ ਸੰਭਾਵਨਾ ਹੁੰਦੀ ਹੈ ਕਿ ਉਹ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਚੇਤੇ ਨਹੀਂ ਰੱਖ ਸਕਦਾ। ਫਿਰ ਪਿਛੋਂ ਕੁੱਝ ਅਜਿਹੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਜੋ ਪਹਿਲਾਂ ਵੇਖੀਆਂ ਚੀਜ਼ਾਂ ਨਾਲ ਬਹੁਤ ਸਬੰਧਤ ਹੋਣ ਤੇ ਘਟਨਾਵਾਂ ਦੀ ਸੰਗਤੀ ਤੋੜ ਕਰ ਸਕਦੀਆਂ ਹਨ। ਇਸ ਲਈ ਚਾਹੀਦਾ ਹੈ ਕਿ ਪ੍ਰਤੱਖਕ ਆਪਣੇ ਪ੍ਰਤੱਖਣ ਵਿਚ ਆਈਆਂ ਚੀਜ਼ਾਂ ਨੂੰ ਲਿਖ ਲਵੇ। ਇਹ ਕੰਮ ਪ੍ਰਤੱਖਕ ਲਈ ਡਾਇਰੀ ਰੱਖਣ ਦੀ ਆਵੱਸ਼ਕਤਾ ਦਰਸਾਉਂਦੀ ਹੈ। ਡਾਇਰੀ ਵਿਚ ਉਹ ਘਟਨਾਵਾਂ ਦੀ ਸੰਗਤੀ ਹੀ ਨਹੀਂ, ਆਪਣੀਆਂ ਟਿੱਪਣੀਆਂ ਵੀ ਲਿਖ ਸਕਦਾ ਹੈ।

(16) <u>ਪ੍ਰਸ਼ਨਾਵਲੀ ਤੇ ਸਾਰਣੀ ਦਾ ਪ੍ਰਯੋਗ</u> => ਪ੍ਰਤੱਖਣ ਵਿਚ ਪ੍ਰਸ਼ਨਾਵਲੀ ਤੇ ਸਾਰਣੀ, ਦੋਵੇਂ, ਬਹੁਤ ਉਪਯੋਗ ਸਿੱਧ ਹਨ। ਪ੍ਰਤੱਖਣ ਦਾ ਕਾਰਜ ਸ਼ੁਰੂ ਹੋਣ ਤੋਂ ਪਹਿਲਾਂ ਬੜੀ ਮਿਹਨਤ ਨਾਲ ਤਿਆਰ ਕੀਤੀ ਪ੍ਰਸ਼ਨਾਵਲੀ ਜਾਂ ਸਾਰਣੀ ਪ੍ਰਤੱਖਕ ਦੀਆਂ ਅੱਖਾਂ ਸਾਹਮਣੇ ਜ਼ਰੂਰੀ ਗੱਲਾਂ ਜੋ ਵਰਤ ਖੜੀਆਂ ਕਰ ਦੇਂਦੀ ਹੈ। ਫਲਸਰੂਪ, ਪ੍ਰਤੱਖਣ ਉਸ ਦਾ ਖੋਜ ਸਮੱਸਿਆ ਦੇ ਨੁਕਤੇ ਤੋਂ ਸੰਪੂਰਨ ਤੇ ਅਤਿ ਲਾਭਦਾਇਕ ਹੋ ਨਿਬੜਦਾ ਹੈ। ਜੇ ਉਹ ਅਜਿਹਾ ਨਹੀਂ ਕਰਦਾ, ਤਾਂ ਕੁੱਝ ਨਾ ਕੁੱਝ ਜ਼ਰੂਰੀ ਸੂਚਨਾ ਅਵੱਸ਼ ਹੀ ਉਸ ਦੇ ਹੱਥੋਂ ਨਿਕਲ ਜਾਵੇਗੀ। ਇੱਥੇ ਇਹ ਦੱਸਣ ਦੀ ਲੋੜ ਨਹੀਂ ਕਿ ਖੇਤਰ ਵਿੱਚ ਜਾ ਕੇ ਪ੍ਰਤੱਖਣ ਦੇ ਸਿੱਟੇ ਵਜੋਂ ਪ੍ਰਸ਼ਨਾਵਲੀ ਜਾਂ ਸਾਰਣੀ ਜਿਸ ਕਿਸੇ ਦੀ ਵੀ ਸਹਾਇਤਾ, ਖੋਜਕਾਰ ਲੈ ਰਿਹਾ ਹੈ ਸਭ ਸੋਧਣ ਦੀ ਲੋੜ ਅਵੱਸ਼ ਬਣੀ ਰਹੇਗੀ; ਉਸ ਵਿਚੋਂ ਕੁੱਝ ਨਿਕਲ ਜਾਏਗਾ ਤੇ ਕੁੱਝ ਨਵਾਂ ਆ ਜਾਏਗਾ। ਦੋਹਾਂ ਵਿਚੋਂ ਕਿਸੇ ਇਕ ਦੀ ਵਰਤੋਂ ਪ੍ਰਤੱਖਣ ਉਪਰ ਲੋੜੀਂਦਾ ਨਿਯੰਤ੍ਰਣ ਰੱਖਣ ਦਾ ਕਾਰਣ ਬਣੇਗੀ। ਇਸ ਲਈ ਖੋਜ ਦੇ ਸਿੱਟੇ ਠੀਕ ਨਿਕਲਣਗੇ।

P.T.O

(17) **ਸਾਵਧਾਨੀ** => ਪ੍ਰਦਰਸ਼ਨ ਵਿੱਚ ਪ੍ਰਦਰਸ਼ਕ ਨੂੰ ਇਸ ਤਰ੍ਹਾਂ ਵਿਹਾਰ ਕਰਨਾ ਚਾਹੀਦਾ ਹੈ ਕਿ ਪ੍ਰਦਰਸ਼ਨ ਅਧੀਨ ਆਏ ਲੋਕਾਂ ਨੂੰ ਪ੍ਰਦਰਸ਼ਕ ਦੇ ਪ੍ਰਯੋਜਨ ਤੇ ਭਾਵਨਾ ਪ੍ਰਤਿ ਕੋਈ ਉਤਸੁਕਤਾ ਨਾ ਜਾਗੇ; ਉਨ੍ਹਾਂ ਨੂੰ ਪਤਾ ਹੀ ਨਾ ਲੱਗੇ ਕਿ ਪ੍ਰਦਰਸ਼ਕ ਉਨ੍ਹਾਂ ਦਰਸ਼ਕਾਂ ਨੂੰ ਕਿਸੇ ਖਾਸ ਮਨੋਰਥ ਤੋਂ ਖਿੱਚ ਰਿਹਾ ਹੈ। ਜੇ ਉਹ ਉਸ ਦੇ ਕਾਰਜ ਪ੍ਰਤਿ ਚੇਤਨ ਹੋ ਜਾਂਦੇ ਹਨ ਤਾਂ ਉਹਨਾਂ ਅੰਦਰ ਸੰਦੇਹ ਪੈਦਾ ਹੋ ਜਾਏਗਾ ਤੇ ਖੋਜ ਦੀ ਸੰਪੂਰਨਤਾ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਹੋਵੇਗੀ; ਜਾਂ ਫਿਰ, ਵਿਕ੍ਰਿਤ ਰੂਪ ਵਿੱਚ ਹਾਸਲ ਹੋਵੇਗੀ। ਪ੍ਰਦਰਸ਼ਕ ਨੂੰ ਹਰ ਹਾਲਤ ਵਿੱਚ ਬੜੀ ਸਾਵਧਾਨੀ ਨਾਲ ਵਰਤਣਾ ਚਾਹੀਦਾ ਹੈ।

(18) **ਕੇਸ ਅਧਿਐਨ** => ਇਹ ਕਿਸੇ ਸਥਿਤੀ ਜਾਂ ਕੇਸ ਦੇ ਸ਼ੁਰੂ ਹੋਣ ਤੇ ਅੱਗੇ ਵਧਣ ਦੀ ਕਿਰਿਆ ਵਿੱਚ ਜੋ ਕੁਝ ਵੀ ਮਹੱਤਵਪੂਰਨ ਹੈ, ਉਸ ਸਭ ਨੂੰ ਅਧਿਐਨ ਦਾ ਵਿਸ਼ਾ ਬਣਾਂਦਾ ਹੈ। ਕੇਸ ਵਿਅਕਤੀ ਨਾਲ ਸੰਬੰਧਿਤ ਹੋ ਸਕਦਾ ਹੈ, ਪਰਿਵਾਰ ਨਾਲ ਸੰਬੰਧਿਤ ਹੋ ਸਕਦਾ ਹੈ, ਕਿਸੇ ਸਮੂਹ ਨਾਲ ਸੰਬੰਧਿਤ ਹੋ ਸਕਦਾ ਹੈ, ਕਿਸੇ ਸੰਸਥਾ ਨਾਲ ਸੰਬੰਧਿਤ ਹੋ ਸਕਦਾ ਹੈ ਤੇ ਕਿਸੇ ਜਾਤੀ ਨਾਲ ਵੀ ਸੰਬੰਧਿਤ ਹੋ ਸਕਦਾ ਹੈ। ਇਸ ਵਿੱਚ ਉਨ੍ਹਾਂ ਸਾਰੇ ਕਾਰਣਾਂ ਤੇ ਉਨ੍ਹਾਂ ਦੇ ਪੈਦਾ ਕੀਤੇ ਸਿੱਟਿਆਂ ਦਾ ਖੋਜਵਾਂ ਅਧਿਐਨ ਕੀਤਾ ਜਾਂਦਾ ਹੈ ਜੋ ਕੇਸ ਦੀ ਸਮੇਂ ਉਪਰ ਗਤੀ ਨਾਲ ਪ੍ਰਗਟ ਹੁੰਦੇ ਹਨ। ਇਸ ਜੁਗਤ ਦੀ ਵਰਤੋਂ ਸਮਾਜਿਕ ਵਿਗਿਆਨਾਂ ਤੇ ਜੀਵਨ ਵਿਗਿਆਨਾਂ ਵਿਚ ਬਹੁਤ ਕੀਤੀ ਜਾਂਦੀ ਹੈ। ਵਿਵਹਾਰ ਵਿਚ ਇਹ ਜੁਗਤ ਵਿਅਕਤੀ ਵਿਸ਼ੇਸ਼ ਦੇ ਅਧਿਐਨ ਸਮੂਹ ਵਿਸ਼ੇਸ਼ ਦੇ ਅਧਿਐਨ ਜਾਂ ਫਿਰ ਕਿਸੇ ਸਮਾਜਿਕ ਸੰਸਥਾ ਦੇ ਅਧਿਐਨ ਬਹੁਤ ਕੰਮ ਆਉਂਦੀ ਹੈ। ਇਸ ਸੰਦ ਦੇ ਵਰਤੇ ਜਾਣ ਦੀਆਂ ਆਪਣੀਆਂ ਸੀਮਾਵਾਂ ਤੇ ਲਾਭ ਹਨ, ਜਿਨ੍ਹਾਂ ਵਿਚ ਜਾਣ ਦੀ ਇਥੇ ਲੋੜ ਮਹਿਸੂਸ ਨਹੀਂ ਹੁੰਦੀ। ਕੇਵਲ ਇੰਨਾ ਕਹਿਣਾ ਹੀ ਕਾਫੀ ਉਚਿਤ ਪ੍ਰਤੀਤ ਹੁੰਦਾ ਹੈ ਕਿ ਕੇਸ ਅਧਿਐਨ ਜੋਖ ਵਿੱਚ ਲਈ ਗਈ ਸਮੱਸਿਆ ਦੀ ਪ੍ਰਤਿਨਿਧਤਾ ਕਰਦਾ ਹੋਵੇ ਤੇ ਆਪਣੇ ਆਪ ਵਿੱਚ ਵਿਲੱਖਣਤਾ ਨਾ ਹੋਵੇ। ਆਪਣੀ ਵਿਲੱਖਣਤਾ ਕਰਕੇ ਖਿੱਚ ਰਖਣ ਵਾਲੀ ਸਥਿਤੀ

ਏਸ ਅਪਲੀਕੇਸ਼ਨ ਲਈ ਆਮ ਸਥਿਤੀ ਨਾਲੋਂ ਘੱਟ ਮਿਹਨਤ ਵਾਲੀ ਹੁੰਦੀ ਹੈ। ਅਸਾਧਾਰਣ ਸਥਿਤੀ ਨੂੰ ਅੱਖੋਂ ਪਰੋਖੇ ਤਾਂ ਨਹੀਂ ਕਰਨਾ ਚਾਹੀਦਾ, ਪਰ ਮੀਟਿੰਗ ਲਈ ਉਸ ਉਪਰ ਨਿਰਭਰਤਾ ਘਟਣੀ ਹੀ ਠੀਕ ਹੋਵੇਗੀ। ਇਸ ਜੁਗਤ ਬਾਰੇ ਅਸੀਂ ਚਰਚਾ ਹੋਰ ਅਗੇ ਚਲਕੇ 'ਸਮਾਜਿਕ ਖੋਜ' ਵਾਲੇ ਅਧਿਆਇ ਵਿਚ ਕਰਾਂਗੇ।